# ਮੁਢਲੇ ਸ਼ਬਦ

[ਪ੍ਰੋਫੈਸਰ ਜਸਵੰਤ ਸਿੰਘ, ਮਾਨ, ਐਮ. ਏ, ਐਲ. ਐਲ. ਬੀ., ਪ੍ਰਧਾਨ, ਆਲ ਇੰਡੀਆ ਸਿਖ ਸਟੂਡੰਟਸ ਫੈਡਰੇਸ਼ਨ ।]

ਖਾਲਸਾ ਪੰਥ ਦੀ ਅਜੋਕੀ ਦਸ਼ਾ ਤੇ ਹਰ ਪੰਥ ਹਿਤੈਸ਼ੀ ਚਿੰਤਾਤੁਰ ਹੈ । ਸ. ਕਪੂਰ ਸਿੰਘ ਦੀ ਵਿਸ਼ੇਸ਼ ਚਿੰਤਾ ਦੇ ਗੰਭੀਰ ਕਾਰਣ ਹਨ । ਸਿਖ ਧਰਮ, ਫਲਸਫਾ, ਮੁਢਲੇ ਸਿਧਾਂਤਾਂ ਦੇ ਪ੍ਰਵਾਣਿਤ ਖੋਜੀ ਤੇ ਵਿਦਵਾਨ ਹੁੰਦਿਆਂ ਹੋਇਆਂ, ਸਿਖ ਰਾਜਨੀਤੀ ਵਿਚ ਸਰਗਰਮ ਹੋਣ ਉਪਰੰਤ ਤੇ ਇਸ ਤੋਂ ਪਹਿਲਾਂ ਵੀ, ਸਿਖ ਰਾਜਨੀਤੀ ਵਿਚਲੇ ਉਤਰਾ ਚੜ੍ਹਾ ਨੂੰ ਘੋਖਵੀਂ, ਪਾਰਖੂ ਤੇ ਸੂਖਮ ਦੂਰਦ੍ਰਿਸ਼ਟੀ ਨਾਲ ਪੜਚੋਲਦੇ ਰਹੇ ਹਨ । ਉਮਰ ਭਰ ਦਾ ਅਧਿਐਨ, ਗੁਰੂ ਪੰਥ ਦੀ ਚੜ੍ਹਦੀ ਕਲਾ ਦੀ ਲੋਚਣਾ ਤੇ ਇਸ ਪ੍ਰਤੀ ਆਪਣਾ ਸੰਸਾਰਿਕ ਜੀਵਨ ਅਰਪਿਤ ਕਰਣ ਉਪਰੰਤ, ਗੁਰੂ ਸ਼ਬਦ ਤੇ ਇਸ ਦੀ ਓਟ ਅੰਦਰ, ਸਿਖ ਪ੍ਰੰਪਰਾਵਾਂ, ਵਿਚਾਰ-ਧਾਰਾ ਤੇ ਰਾਜਸੀ ਸਰਗਰਮੀਆਂ ਦੀ ਸਹੀ ਅਗਵਾਈ ਤੇ ਤਰਜਮਾਨੀ ਕਰਨ ਲਈ, ਸਿਖ ਜਗਤ ਦੇ ਸ਼੍ਰੋਮਣੀ ਨੇਤਾ ਸਰਦਾਰ ਕਪੂਰ ਸਿੰਘ ਦਾ ਇਹ ਕਿਤਾਬਚਾ, ਪੰਥ ਦੇ ਮੰਡਪ ਉਤੇ ਮਾਨੋ ਢਲਦੇ ਸੂਰਜ ਦੀ ਦਰਦ ਭਰੀ ਵਿਆਖਿਆ ਹੈ ।

ਦਸਮ ਪਾਤਸ਼ਾਹ ਦੇ ਨਿਸ਼ਚਿਤ ਕੀਤੇ ਹੁਕਮਾਂ ਦੀ ਵਿਆਖਿਆ ਦੇ ਘੇਰੇ ਵਿਚ, ਜੋ ਉਦਮ ਸ. ਕਪੂਰ ਸਿੰਘ ਨੇ ਆਪਣੀਆਂ ਲਿਖਤਾਂ, ਬਿਆਨਾਂ, ਸੈਮੀਨਾਰਾਂ ਤੇ ਲੋਕ ਸਭਾ ਤੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਹੋਣ ਸਮੇਂ ਕੀਤਾ ਹੈ, ਸਿਖ ਵਿਦਿਆਰਥੀ ਤੇ ਨੌਜਵਾਨ ਉਨਾ ਦੀ ਇਸ ਪਥ-ਪ੍ਰਦਰਸ਼ਕਤਾ ਦੇ ਸਦਾ ਲਈ ਰਿਣੀ ਰਹਿਣਗੇ । ਇਤਿਹਾਸ ਦੀਆਂ ਮਾਰੂ ਰੌਆਂ ਦੇ ਪਿਛੋਕੜ ਵਿਚ, ਵੀਹਵੀਂ ਸਦੀ ਦੇ ਪਿਛਲੇ ਪੰਜ ਦਹਾਕਿਆਂ ਵਿਚ ਪੰਥ ਦੇ ਝੰਡੇ ਦੇ ਮੁਠੀ ਭਰ ਅਲਮਬਰਦਾਰਾਂ ਵਿਚੋਂ ਸ. ਕਪੂਰ ਸਿੰਘ ਸਭ ਤੋਂ ਅਗੇ ਦਿਸਣਗੇ ।

ਆਲ ਇੰਡੀਆ ਸਿਖ ਸਟੂਡੈਂਟਸ ਫ਼ੈਡਰੇਸ਼ਨ ਦੇ ਸੇਵਕ ਹੋਣ ਦੇ ਨਾਤੇ ਮੇਰਾ ਤੇ ਹੋਰ ਸਹਿਯੋਗੀਆਂ ਦਾ ਉਨ੍ਹਾਂ ਨਾਲ ਨੇੜੇ ਦਾ ਸੰਬੰਧ ਰਿਹਾ ਹੈ । ਅਸੀਂ ਉਨਾ ਨੂੰ ਜ਼ਾਤੀ ਤੇ ਜਮਾਇਤੀ ਤੌਰ ਤੇ ਤਕਿਆ ਹੈ, ਜਿਸ ਵੇਦਨਾ, ਵਲਵਲੇ ਤੇ ਰੋਹ ਨਾਲ ਉਨ੍ਹਾਂ ਨੂੰ ਪੰਥ ਦੀ ਵਰਤਮਾਨ ਦਸ਼ਾ ਤੇ ਚਿੰਤਾ ਹੈ, ਉਸ ਦਾ ਦਸਵਾਂ ਹਿਸਾ ਵੀ ਪੰਥ ਦੇ ਅਜੋਕੇ ਮਹਾਰਥੀਆਂ ਤੇ 'ਪੰਥ ਰਤਨਾਂ', ਨੂੰ ਨਹੀਂ ।


Digitized by Panjab Digital Library | www.panjabdigilib.org

ਸਿਖਾਂ ਦੀ ਹੋਣੀ ਤੇ ਉਨ੍ਹਾਂ ਦੇ ਉਜਲੇ ਭਵਿਖ ਦੀ ਸਾਖੀ ਭਰਨ ਵਾਲੇ ਇਸ ਮਹਾਨ ਵਿਦਵਾਨ ਨੂੰ ਕੌਮ ਵਲੋਂ ਉਕਾ ਮਿਲਵਰਤਨ ਨਹੀਂ ਮਿਲਿਆ। ਨਗਾਰਿਆਂ ਤੇ ਢੋਲ ਢਮੱਕਿਆਂ ਵਿਚ, ਉਨਾ ਦੀ ਪੰਥ ਦਰਦ ਦੀ ਹੂਕ ਨੂੰ ਸਿਖ ਪਤਰਕਾਰ, ਆਗੂ ਤੇ ਸਿਖ ਅਦਾਰਿਆਂ ਦੇ ਮਹੰਤ, ਵਿਰੋਧੀ ਅਨਸਰ, ਉਚਾ ਨਹੀਂ ਉਠਣ ਦੇਣਾ ਚਾਹੁੰਦੇ, ਪਰ ਫਿਰ ਵੀ "ਕੋਈ ਹਰਿਆ ਬੂਟ ਰੀਹਉ ਰੀ" ਵਾਲੀ ਸਚਾਈ ਵਾਂਗ, ਕੁਝ ਕੁ ਪੰਥ ਸੇਵਕ ਇਸ ਰੋਸ਼ਨੀ ਨੂੰ ਜਲਦਾ ਰਖਣ ਲਈ ਸਿਰ ਧੜ ਦੀ ਬਾਜੀ ਲਾਈ ਬੈਠੇ ਹਨ।

ਪੰਥ ਨੂੰ ਵਰਤਮਾਨ ਜਿਲ੍ਹਣ ਤੋਂ ਕਢਣ ਹਿਤ, ਗੰਭੀਰ ਸੋਚ, ਦੀਰਘ ਵਿਚਾਰ ਤੇ ਦੂਰ ਦ੍ਰਿਸ਼ਟੀ ਤੋਂ ਕੰਮ ਲੈਣ ਦੀ ਲੋੜ ਹੈ। 'ਗੁਰੂ ਲਾਧੋ ਰੇ', ਵਾਂਗ ਸਹੀ ਪੰਥਕ ਪ੍ਰਤੀਨਿਧਾਂ ਨੂੰ ਉਤਸ਼ਾਹਿਤ ਕਰ ਕੇ, ਆਪਣੇ ਸਿਰ ਤੇ ਬੈਠਾ ਕੇ ਉਨ੍ਹਾਂ ਦੀ ਅਗਵਾਈ ਨੂੰ ਮੰਨ ਕੇ ਅਗਲੇਰਾ ਹੰਭਲਾ ਮਾਰਨ ਦੀ ਲੋੜ ਹੈ। ਜੇ ਇਸ ਡੁਬਦੀ ਬੇੜੀ ਨੂੰ ਸਮੇਂ ਸਿਰ ਭੰਵਰ ਵਿਚੋਂ ਨਾ ਕਢਿਆ ਗਿਆ ਤਾਂ ਰਾਸ਼ਟਰੀ ਤੇ ਅੰਤਰਰਾਸ਼ਟਰੀ ਉੱਥਲ ਪਥੱਲ ਵਿਚ ਸਿਖਾਂ ਦਾ ਨਾਮ ਨਿਸ਼ਾਨ ਮਿਟ ਜਾਵੇਗਾ ਤੇ ਉਹ ਘਸਿਆਰੇ, ਬਸਤਾਬਰਦਾਰ ਤੇ ਨੀਵੀਂ ਸ਼੍ਰੇਣੀ ਦੇ ਲੋਗ ਅਤੇ ਦਲਿਤ ਪ੍ਰਾਣੀ ਬਣਕੇ ਰਹਿ ਜਾਣਗੇ ॥

1 ਜੂਨ, ਸੰਨ 1972

ਜਸਵੰਤ ਸਿੰਘ, ਮਾਨ (ਪ੍ਰੋਫੈਸਰ)
ਖਾਲਸਾ ਕਾਲਜ, ਪਟਿਆਲਾ।

---



Digitized by Panjab Digital Library | www.panjabdigilib.org

(੪) ਪੰਜਾਬ ਨੂੰ ਵਡੇਰਾ ਕਰਕੇ, ਇਸ ਵਿਚ ਅਜੇਹਾ ਰਾਜਸੀ ਤੇ ਵਿਧਾਨਕ ਢਾਂਚਾ ਚਾਲੂ ਕੀਤਾ ਜਾਵੇ, ਜਿਸ ਦਾ ਬੁਨਿਆਦੀ ਫਰਜ਼ ਸਿੱਖਾਂ ਤੇ ਸਿੱਖੀ ਦੇ ਹੱਕਾਂ ਦੀ ਰਾਖੀ, ਧਰਮ-ਨਿਰਪਖਤਾ ਦੇ ਹਾਸ਼ੀਏ ਵਿਚ ਰਹਿ ਕੇ, ਕਰਨਾ ਹੋਵੇ ।

(੫) ਕੇਂਦਰ ਅਥਵਾ ਦਿੱਲੀ ਦੀ ਹਕੂਮਤ ਸ਼ਕਤੀਸ਼ਾਲੀ ਹੋਵੇ ਅਤੇ ਸਿਖਾਂ ਦੀ ਅਤੇ ਬਾਕੀ ਹਿੰਦੁਸਤਾਨੀਆਂ ਦੇ ਹੱਕਾਂ ਦੀ ਰਾਖੀ, ਦੇਸ਼ ਦੇ ਕੋਨੇ ਕੋਨੇ ਵਿਚ, ਕਰਨ ਦੇ ਸਮ੍ਰਥ ਹੋਵੇ ।

(੬) ਪੰਥ ਦੀ ਸਿਆਸਤ ਅਤੇ ਸਿੱਖਾਂ ਦਾ ਕਿਰਦਾਰ ਇਸ ਪੱਧਤਿ ਦਾ ਹੋਵੇ ਕਿ, ਦੇਸ਼ਵਾਸੀ ਆਮ ਤੌਰ ਤੇ, ਅਤੇ ਦਿੱਲੀ ਦੀ ਸਰਕਾਰ ਖਾਸ ਤੌਰ ਤੇ, ਸਿੱਖਾਂ ਤੇ ਸਿੱਖੀ ਦੀ ਸੁਰੱਖਿਆ ਤੇ ਪਰਫੁਲਤਾ ਲਈ ਮਜਬੂਰ ਤੇ ਪ੍ਰੇਰਤ ਰਹਿਣ ।

ਇਹ ਮਹਾਨ ਪਰਗਤੀ, ਸਿੱਖਾਂ ਦੇ ਮੁਆਮਲਿਆ ਵਿਚ, ਅਜ ਦੀ ਨਿੱਘਰੀ ਹੋਈ ਦਸ਼ਾ ਵਿਚ, ਬਿਨਾਂ ਗੁਰੂ ਦੀ ਕਿਰਪਾ ਦੇ ਹੋ ਨਹੀਂ ਸਕਦੀ । "ਸਤਿਗੁਰ ਬਾਝੋਂ ਕੋ ਨਹੀਂ ਭੈ ਕੱਟਣਹਾਰਾ ।" ਅਤੇ ਇਹ ਪਰਗਤੀ ਅਜ ਯਾ ਕੱਲ ਅਵੱਸ਼ ਆਏਗੀ, ਕਿਉਂਕਿ ਸਿੱਖੀ ਦੇ ਕਲਪ-ਬਿਰਖ ਰੂਪੀ ਸੰਘ ਨੇ ਧਰਮ ਦੀ ਰਾਖੀ ਤੇ ਦੇਸ਼, ਸੰਸਾਰ ਦੀ ਸੇਵਾ, ਅਕਾਲ ਪੁਰਖ ਦੇ ਹੁਕਮ ਵਿਚ ਕਰਨੀ ਹੈ ਅਤੇ ਅਵੱਸ਼ ਕਰਨੀ ਹੈ ਅਤੇ ਕੋਈ ਉਜੱਡ, ਦੋਖੀ, ਸਿਖੀ ਤੇ ਖਾਲਸੇ ਨੂੰ ਪ੍ਰਾਜੈ ਕਰ ਨਹੀਂ ਸਕੇਗਾ :

"ਸਤਿਗੁਰੁ ਅਸਥਿਰ ਕਰ ਦੀਨੇ ਘਰਬਾਰ,
ਜੋ ਜੋ ਨਿੰਦ ਕਰੇ ਇਨ ਗ੍ਰਹਿਨ ਕੀ, ਤਿੰਨ ਆਗੇ ਹੀ ਮਾਰੇ ਕਰਤਾਰ ।"

ਮਤ ਕੋਈ ਸਮਝੇ ਕਿ ਸੈਕੂਲਰ ਰਾਜਸੀ ਸੰਜੋਅ ਪਹਿਨ ਕੇ ਹਿੰਦੁਸਤਾਨ ਦੀ ਬਹੁ-ਸੰਖਿਆ ਜਾਤੀ ਦਾ ਗਲਬਾ ਹੁਣ ਸਦਾ ਲਈ ਪੱਕਾ ਹੋ ਗਿਆ ਹੈ । ਸਿੱਖੀ ਸਿਦਕ, ਧੀਰਜ ਅਤੇ ਕਰਮ ਕੌਸ਼ਲ ਬੁੱਧੀ ਰੂਪੀ ਬਰਛੇ ਨਾਲ ਪੰਥ ਹਰ ਪਰਕਾਰ ਦੀ ਬਿਖਮਤਾ ਅਤੇ ਸ਼ਤ੍ਰੁਰਤਾ ਦਾ ਮੁਕਾਬਲਾ ਕਰਨ ਦੇ ਸਮਰਥ ਹੈ । ਜਰਮਨੀ ਦੇ ਸਮਰਾਟ ਮਹਾਂ ਫਰੈਡਰਿਕ (Frederick, the Great) ਨੇ ਮਹਾਮਾਤ੍ਰ ਮਾਰਕੁਈ ਅਰਿਯਨ (Marquis d' Argens) ਨੂੰ ਪੁਛਿਆ ਸੀ, "ਕੋਈ ਇਕ ਦਲੀਲ, ਜਿਹੜੀ ਅਕੱਟ ਤੇ ਕਤਈ ਹੋਵੇ, ਮੈਨੂੰ ਰਬ ਦੀ ਹਸਤੀ ਬਾਰੇ ਦਸੋ ।" ਉਤ੍ਰ ਸੀ, "ਮਹਾਰਾਜ ਅਧਿਰਾਜ, ਯਹੂਦੀ ਕੌਮ ।"

ਸਿਖ ਪੰਥ ਦੀ ਉਤਪਤੀ ਤੇ ਹੋਂਦ ਅਕੱਟ ਤੇ ਕਤਈ ਦਲੀਲ ਇਸ ਗਲ ਦੀ ਹੈ ਕਿ ਸ਼ਰਧਾ ਅਤੇ ਧਰਮ ਦੀ ਲੋਅ, ਕਿਸੇ ਅਸੁਰੀ ਬਲ, ਧਕੇ, ਤੇ ਕੁਟਲ ਖੜਯੰਤ੍ਰ ਦੁਆਰਾ ਬੁਝਾਈ ਨਹੀਂ ਜਾ ਸਕਦੀ ।

ਮਤ ਕੋਈ ਘਬਰਾਵੇ, ਕਿ ਹੁਣ ਸੰਤ ਜੁੰਡਲੀ ਨੇ ਸ਼੍ਰੋਮਣੀ ਅਕਾਲੀ ਦਲ ਦੇ ਪਿੰਜਰ ਉਤੇ ਪਕਾ ਕਬਜ਼ਾ ਕਰ ਲਿਆ ਹੈ, ਸਿਖਾਂ ਦੀ ਸਿਆਸਤ ਵਿਚੋਂ, ਇਹਨਾਂ ਨੇ ਪੰਥਿਕ ਜਜ਼ਬਾ ਤੇ ਸਿੱਖੀ ਨਿਸ਼ਾਨੇ ਖਾਰਜ ਕਰ ਦਿੱਤੇ ਹਨ, ਗੁਰਦੁਆਰਿਆਂ ਦੀਆਂ ਗੋਲਕਾਂ ਤੇ ਪਲੇਟਫਾਰਮਾਂ

Digitized by Panjab Digital Library | www.panjabdigilib.org

ਉਤੇ ਅਸਿੱਖੀ ਰੁਚੀਆਂ ਦਾ ਫੌਲਾਦੀ ਪੰਜਾ ਜਮਾ ਲਿਆ ਹੈ ਅਤੇ ਸਿਖ ਰਾਜਨੀਤੀ ਦੇ ਖੇਤ੍ਰ ਵਿਚੋਂ, ਚੁਣ ਚੁਣ ਕੇ, ਪੰਥ ਤੇ ਸਿਖੀ ਲਈ ਹਾਅ ਦਾ ਨਾਅਰਾ ਮਾਰਨ ਵਾਲੇ ਅਤੇ ਆਧੁਨਿਕ ਰਾਜਨੀਤੀ ਅਤੇ ਸਿਆਸੀ ਦੁਨੀਆਂ ਨੂੰ ਸਮਝਣ ਵਾਲੇ, ਕਢ ਕੇ ਨੁਕਰੇ ਲਾ ਦਿਤੇ ਹਨ। ਹੁਣ ਸਿਖੀ ਤੇ ਪੰਥ ਦੇ ਨਾਮ ਉਤੇ ਕੋਈ ਰਾਜਨੀਤੀ ਤੇ ਸੰਗ੍ਰਾਮ ਚਲ ਨਹੀਂ ਸਕੇਗਾ। ਅਜੇਹਾ ਸੋਚਣਾ ਠੀਕ ਨਹੀਂ ਹੋਵੇਗਾ। ਸੰਨ 1606 ਤੋਂ ਸੰਨ 1717 ਤੱਕ, ਸਿੱਖੀ ਦੇ ਕੇਂਦ੍ਰ ਸ੍ਰੀ ਦਰਬਾਰ ਸਾਹਿਬ ਵਿਚ ਗੁਰੂ ਤੇ ਖਾਲਸੇ ਨੂੰ ਦਾਖਲ ਨਹੀਂ ਹੋਣ ਦਿੱਤਾ ਗਿਆ ਸੀ ਅਤੇ ਪੂਰੇ 70-72 ਸਾਲ ਸੰਤ ਜੁੰਡਲੀ ਦੇ ਆਤਮਿਕ ਪਿਤਾਮਿਆਂ, ਧੀਰਮੱਲੀਆਂ, ਦਾ ਕਬਜ਼ਾ ਏਥੇ ਰਿਹਾ ਸੀ। 'ਹਿੰਦ ਦੀ ਚਾਦਰ' ਗੁਰੂ ਤੇਗ ਬਹਾਦਰ ਨੂੰ ਹਰਿਮੰਦਰ ਸਾਹਿਬ ਦੇ ਅੰਦਰ ਨਹੀਂ ਸੀ ਵੜਨ ਦਿਤਾ ਗਿਆ। ਪੰਥ ਦੇ ਵਾਲੀ, ਸਾਹਿਬ ਦਸਮ ਪਾਤਸ਼ਾਹ ਦਾ ਸੰਬੰਧ, **'ਸੌਸਾਖੀ'** ਅਨੁਸਾਰ, ਹਰਿਮੰਦਰ ਸਾਹਿਬ ਨਾਲ ਇਤਨਾ ਹੀ ਰਿਹਾ: "ਹਮ ਭੀ ਸੁਧਾਸਰ ਜਾਵਨੇ ਕੀ ਭਾਵਨੀ ਰਾਖਤੇ ਹੈਂ।" ਇਥੇ ਧੀਰਮੱਲੀਆ ਗੁਰੂ, ਹਰਜੀ, ਗੱਦੀ ਉਤੇ ਬੈਠ ਕੇ, ਕਾਬਲ ਤੋਂ ਦਿੱਲੀ ਤਕ ਆਪਣੇ ਮਸੰਦ ਭੇਜ ਕੇ, ਭੰਬਲਭੂਸਿਆਂ ਵਿਚ ਪਏ ਹੋਏ ਸਿਖਾਂ ਕੋਲੋਂ ਕਾਰਭੇਟ ਉਗਰਾਹੁੰਦਾ ਰਿਹਾ ਸੀ ਅਤੇ ਉਸ ਦੇ ਢਾਡੀ ਸਾਰੇ ਦੇਸ਼ ਵਿਚ ਗਾਉਂਦੇ ਫਿਰਦੇ ਸਨ: "ਹੂੰ, ਹਾਂ, ਕਿ ਹਰਜੀ ਹਾਂ, ਮੈਂ ਦਰਸਣ ਅੰਮ੍ਰਿਤਸਰ ਦੇ ਜਾਂ, ਮੇਰਾ ਮਨ ਲੋਚਦਾ।"

ਕਿਥੇ ਹੈ, ਗੁਰੂ ਹਰਜੀ ਅਤੇ ਕਿਥੇ ਗਏ ਉਸ ਦੇ ਮਸੰਦ, "ਹੂੰ, ਹਾਂ ਕਿ ਹਰਜੀ, ਹਾਂ," "ਸੰਤ ਬਾਬਾ ਜਿੰਦਾਬਾਦ,", "ਅਸੀਂ ਸਾਰੇ ਧਿਕਾਰ ਸੰਤਬਾਬਾ ਜੀ ਨੂੰ ਸੌਂਪਦੇ ਹਾਂ"?

ਇਹ ਬਿਖਮਤਾ ਸਦਾ ਨਹੀਂ ਰਹਿਣੀ ਅਤੇ ਅੰਤ ਨੂੰ ਆਕੀ ਖੁਆਰ ਹੋਣਗੇ ਤੇ ਬੋਲਬਾਲੇ ਖ਼ਾਲਸੇ ਦੇ ਹੋਣਗੇ। ਪੰਥ ਗੁਰੂ ਦਾ ਆਸਰਾ ਲੈ ਕੇ ਮੁੜ ਜਥੇਬੰਦ ਹੋਵੇ, ਆਪਣੀ ਸਿਆਸਤ ਦੀ ਠੀਕ ਰੂਪਰੇਖਾ ਬਾਬਤ ਸਾਵਧਾਨ ਹੋਵੇ, ਦੇਸ਼ਵਾਸੀਆਂ ਨੂੰ ਦ੍ਰਿੜ੍ਹ ਵਿਸ਼ਵਾਸ ਦਿਵਾਉਣ ਦਾ ਭਰਪੂਰ ਯਤਨ ਕਰੇ, ਕਿ ਸਿਖ ਦੇਸ਼ ਦੀ ਅਖੰਡਤਾ ਨੂੰ ਭੰਗ ਕਰਨਾ ਨਹੀਂ ਲੋਚਦੇ, ਇਸ ਦੀ ਰੱਖਿਆ ਦੇ ਮੁਦਈ ਹਨ, ਸਿਖ ਭਾਰਤੀ ਜਾਤੀ ਨੂੰ ਨਿਰਬਲ ਨਹੀਂ, ਸਬਲ ਬਨਾਉਣਾ ਲੋਚਦੇ ਹਨ, ਅਤੇ ਸਿਖ ਨ ਤਾਂ ਮਰਨਾਂ ਚਾਹੁੰਦੇ ਹਨ ਅਤੇ ਨ ਆਪਣਾ ਆਤਮਿਕ ਵਿਅਕਤਤਵ ਤੇ ਰਾਜਸੀ ਪਦ ਪਦਵੀ ਤਿਆਗਣਾ।

ਏਹੋ ਰਹਸਯ ਤੇ ਨੁਕਤਾ ਸਿੱਖ ਹੋਮਲੈਂਡ ਦੀ ਸਥਾਪਤੀ ਦੀ ਮੰਗ ਵਿਚ ਪੋਸ਼ੀਦਾ ਹੈ ਜਿਸ ਨੂੰ 'ਪੰਜਾਬੀ ਸੂਬਾ', 'ਪੰਜਾਬੀਅਤ', 'ਸੂਬਾਈ ਖੁਦਮੁਖਤਾਰੀ' ਰੂਪੀ ਧੂੰਏਂ ਦੇ ਬਦਲ ਛੁਪਾਉਣ ਤੇ ਵਿਨਾਸ਼ ਕਰਨ ਦੇ ਯਤਨ ਕਰ ਰਹੇ ਹਨ। ਇਸ ਰਮਜ਼ ਨੂੰ ਸਿੱਖੀ ਹਿਰਦਾ ਹੀ ਸਮਝ ਸਕਦਾ ਹੈ, ਸਿਆਸੀ ਜੁਆਰੀਏ ਤੇ ਸੌਦੇਬਾਜ਼ ਨਹੀਂ।

"ਅੰਮ੍ਰਿਤ ਕੀ ਸਾਰ ਸੋਈ ਜਾਣੈ ਜਿ ਅੰਮ੍ਰਿਤ ਕਾ ਵਾਪਾਰੀ ਜੀਓ।"

ਕ. ਸ,

Digitized by Panjab Digital Library | www.panjabdigilib.org

# ਸਿੱਖ ਹੋਮਲੈਂਡ ਦੀ ਰੂਪ ਰੇਖਾ

(੧) ਸੰਨ ੧੯੬੬ ਵਿਚ ਸਥਾਪਤ ਹੋਏ ਪੰਜਾਬੀ ਸੂਬੇ ਵਿਚ ਗੁਰਦਾਸਪੁਰ ਦਾ ਡਲਹੌਜ਼ੀ ਤਕ ਦਾ ਰਕਬਾ, ਅੰਬਾਲਾ ਜ਼ਿਲੇ ਦਾ ਅੰਬਾਲਾ ਸਦਰ, ਕਾਲਕਾ ਤਕ ਦਾ ਰਕਬਾ, ਸਾਲਮ ਚੰਡੀਗੜ੍ਹ, ਹੁਸ਼ਿਆਰਪੁਰ ਜ਼ਿਲੇ ਦੀ ਸਾਲਮ ਊਨਾ ...ੀਲ, ਨਾਲਾਗੜ੍ਹ ਦਾ 'ਦੇਸ਼' ਨਾਮੀ ਰਕਬਾ, ਹਿਸਾਰ ਜ਼ਿਲੇ ਦਾ ਤਹਸੀਲ ਸਿਰਸਾ, ਸਬਤਹਸੀਲ ਟੋਹਾਨਾ ਤੇ ਗੂਹਲਾ ਅਤੇ ਰੱਤੀਆ ਬਲਾਕ, ਕਰਨਾਲ ਜ਼ਿਲੇ ਦਾ ...ਬਾਦ ਬਲਾਕ ਅਤੇ ਰਾਜਸਥਾਨ ਦਾ ਗੰਗਾਨਗਰ ਦਾ ਇਲਾਕਾ ਸ਼ਾਮਲ ਕਰਕੇ ਪੰਜਾਬੀ ਬੋਲਦੇ ਅਤੇ ਸਿੱਖ ਵਸੋਂ ਦੇ ਇਕ ਦੂਜੇ ਨਾਲ ਲਗਦੇ ਇਲਾਕੇ, ਸ਼ਾਮਲ ਦਿਤੇ ਜਾਣ।

(੨) ਇਸ ਨਵੇਂ ਬਣੇ ਰਾਜਯ ਨੂੰ ਹਿੰਦੁਸਤਾਨ ਦੇ ਵਿਧਾਨ ਵਿਚ ਸਿੱਖ ...ੰਡ ਤਸਲੀਮ ਕਰ ਲਿਆ ਜਾਵੇ, ਜਿਸ ਵਿਚ ਕਿ ਸਿੱਖ ਹੱਕਾਂ ਦੀ ਰਖਿਆ, ...ਪਾਲਨਾ ਦਾ ਫਰਜ ਵਿਸ਼ੇਸ਼ ਕਰਕੇ ਹਿੰਦੁਸਤਾਨ ਦੇ ਵਿਧਾਨ ਵਿਚ ਪ੍ਰਵਾਨ ਕਰ ...ਾ ਜਾਵੇ।

(੩) ਇਸ ਸਿੱਖ ਹੋਮਲੈਂਡ ਨੂੰ, ਦੇਸ਼ ਦੀ ਰਕਸ਼ਾ, ਗੈਰਮੁਲਕੀ ਅਤੇ ਕਰੰਸੀ ਅਥਵਾ ਸਿੱਕੇ ਦੇ ਅਧਿਕਾਰ ਦਿਲੀ ਦੀ ਸਰਕਾਰ ਦੇ ਅਧੀਨ ਅੰਦਰੂਨੀ ਖੁਦਮੁਖਤਾਰੀ-ਪ੍ਰਾਪਤ ਅਪਣਾ ਵਿਧਾਨ ਸਿਰਜਣ ਦੇ ਅਧਿਕਾਰ ਦੇ ਜਾਣ, ਤਾਂ ਜੁ ਇਸ ਸਿਖ ਹੋਮਲੈਂਡ ਦੇ ਵਿਧਾਨ ਦੀ ਪਹਿਲੀ ਧਾਰਾ ਇਹ ...ਂ ਕੀਤੀ ਜਾ ਸਕੇ ਕਿ "ਸਿਖ ਹੋਮਲੈਂਡ ਰਾਜਯ ਦਾ ਮੁਖ ਮੰਤਵ ਸਿੱਖਾਂ ਤੇ ਦੇ ਹਿਤਾਂ ਤੇ ਆਸ਼ਿਆਂ ਦੀ ਰਾਖੀ ਤੇ ਪ੍ਰਸਾਰ ਕਰਨਾ ਹੈ, ਜਿਸ ਵਿਚ ਕਿ ਹਰ ਸ਼ਹਿਰੀ ਨੂੰ ਅਪਣੇ ਧਰਮ ਉਤੇ ਚੱਲਣ ਦੀ ਪੂਰੀ ਖੁਲ੍ਹ ਹੋਵੇਗੀ।"

B-1503

Digitized by Panjab Digital Library | www.panjabdigilib.org

